**ਪੰਜਾਬ ਸਰਕਾਰ**
ਤਕਨੀਕੀ ਸਿਖਿਆ ਅਤੇ ਉਦਯੋਗਿ ਸਿਖਲਾਈ ਵਿਭਾਗ,
( ਤਕਨੀਕੀ ਸਿਖਿਆ ਸ਼ਾਖਾ - 2 )

**ਦਫਤਰੀ ਹੁਕਮ**

ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਅਧੀਨ ਚਲ ਰਹੇ ਤਕਨੀਕੀ ਸਿਖਿਆ ਅਦਾਰਿਆਂ ਵਿਚ ਲੈਕਚਰਾਰਾਂ / ਸਹਾਇਕ ਪ੍ਰੋਫੈਸਰ / ਪ੍ਰੋਫੈਸਰ/ਦਰਜਾ - 3 / ਦਰਜਾ-4 ਦੀਆਂ ਨਿਯੁਕਤੀਆਂ ਸਬੰਧੀ ਹੁਕਮ ਮਿਤੀ 11 ਦਸੰਬਰ, 1997 ਰਾਹੀਂ ਜਾਰੀ ਕੀਤੇ ਚੋਣ ਲਈ ਕਰਾਈਟੇਰੀਆਂ ਹੇਠ ਲਿਖੇ ਅਨੁਸਾਰ ਸੋਧ ਕੇ ਨਿਸ਼ਚਿਤ ਕੀਤਾ ਜਾਂਦਾ ਹੈ :-

(1) **ਇੰਟਰਵਿਊ ਵਾਸਤੇ ਸੱਦੇ ਜਾਣ ਵਾਲੇ ਉਮੀਦਵਾਰਾਂ ਦੀ ਗਿਣਤੀ**

ਇਹ ਹੇਠ ਅਨੁਸਾਰ ਹੋਵੇਗੀ :-

| ਖਾਲੀ ਆਸਾਮੀਆਂ ਦੀ ਗਿਣਤੀ । | ਇੰਟਰਵਿਊ ਲਈ ਬੁਲਾਏ ਜਾਣ ਵਾਲੇ ਉਮੀਦਵਾਰਾਂ ਦੀ ਗਿਣਤੀ। |
|---|---|
| 1 ਆਸਾਮੀ ਲਈ | 5 ਉਮੀਦਵਾਰ |
| 2 ਆਸਾਮੀ ਲਈ | 8 ਉਮੀਦਵਾਰ |
| 3. ਆਸਾਮੀ ਲਈ | 12 ਉਮੀਦਵਾਰ |
| 4. ਆਸਾਮੀ ਲਈ | 14 ਉਮੀਦਵਾਰ |
| 5. ਆਸਾਮੀ ਲਈ | 16 ਉਮੀਦਵਾਰ |
| 6. ਆਸਾਮੀ ਲਈ | 18 ਉਮੀਦਵਾਰ |

ਅਤੇ ਇਸ ਤੋ ਅੱਗੇ ਹਰੇਕ ਵਧੀਕ ਆਸਾਮੀ ਲਈ ਤਿੰਨ ਉਮੀਦਵਾਰ ਪ੍ਰਤੀ ਆਸਾਮੀ ਅਨੁਸਾਰ ਭਾਵ ਇਹ ਕਿ ਜੇਕਰ 10 ਆਸਾਮੀਆਂ ਹਨ ਤਾਂ 30 ਉਮੀਦਵਾਰ ਸੱਦੇ ਜਾਣਗੇ ।

(2) **ਨੰਬਰਾਂ ਦੀ ਵੰਡ :**

ਇਹ ਹੇਠ ਲਿਖੇ ਅਨੁਸਾਰ ਹੋਵੇਗੀ :

(ੳ) ਲੈਕਚਰਾਰ (ਇੰਜ:) — ਲੈਕਚਰਾਰ (ਨਾਨ ਇੰਜ:)

| ਯੋਗਤਾ | ਕੁੱਲ ਨੰਬਰ | ਯੋਗਤਾ | ਕੁੱਲ ਨੰਬਰ |
|---|---|---|---|
| ਬੀ.ਈ. | 50 | ਐਮ.ਏ/ਐਮ.ਐਸ.ਸੀ. | 50 |
| ਐਮ.ਈ. | 05 | .......... | |
| ਪੀ.ਐਚ.ਡੀ. | 05 | ਪੀ.ਐਚ.ਡੀ. | 10 |
| ਤਜਰਬਾ | 10 | ਤਜਰਬਾ | 10 |
| ਐਕਸਟਰਾ ਕਿਉਰੀਕਲ ਐਕਟੀਵਿਟੀਜ਼ | 05 | ਐਕਸਟਰਾ ਕਿਉਰੀਕਲ ਐਕਟੀਵਿਟੀਜ਼ | 05 |
| ਇੰਟਰਵਿਊ | 20 | ਇੰਟਰਵਿਊ | 20 |
| ਅਤੇ ਰਜਿਊਮ | 05 | ਅਤੇ ਰਜ਼ਿਊਮ | 05 |
| **ਕੁੱਲ ਨੰਬਰ** | 100 | **ਕੁੱਲ ਨੰਬਰ** | 100 |

(ਅ) **ਪ੍ਰੋਫੈਸਰ/ਸਹਾਇਕ ਪ੍ਰੋਫੈਸਰ (ਇੰਜ:)** — **ਪ੍ਰੋਫੈਸਰ/ਸਹਾਇਕ ਪ੍ਰੋਫੈਸਰ (ਨਾਨ ਇੰਜ:)**

| ਯੋਗਤਾ | ਕੁੱਲ ਨੰਬਰ | ਯੋਗਤਾ | ਕੁੱਲ ਨੰਬਰ |
|---|---|---|---|
| ਬੀ.ਈ. | 50 | ਐਮ.ਏ/ਐਮ.ਐਸ.ਸੀ. | 50 |
| ਐਮ.ਈ. | 05 | .......... | |
| ਪੀ.ਐਚ.ਡੀ. | 05 | ਪੀ.ਐਚ.ਡੀ. | 10 |
| ਤਜਰਬਾ | 10 | ਤਜਰਬਾ | 10 |
| ਐਕਸਟਰਾ ਕਿਉਰੀਕਲ ਐਕਟੀਵਿਟੀਜ਼ | 05 | ਐਕਸਟਰਾ ਕਿਉਰੀਕਲ ਐਕਟੀਵਿਟੀਜ਼ | 05 |
| ਇੰਟਰਵਿਊ | 20 | ਇੰਟਰਵਿਊ | 20 |
| ਅਤੇ ਰਜਿਊਮ | 05 | ਅਤੇ ਰਜ਼ਿਊਮ | 05 |
| **ਕੁੱਲ ਨੰਬਰ** | 100 | **ਕੁੱਲ ਨੰਬਰ** | 100 |

(ੲ) **ਦਰਜਾ-3 ਟੀਚਿੰਗ /ਸਪੋਰਟਟਿੰਗ / ਟੈਕਨੀਕਲ ਸਟਾਫ**

| | |
|---|---|
| ਘੱਟੋ ਘੱਟ ਮੁੱਢਲੀ ਵਿਦਿਅਕ ਯੋਗਤਾ ( ਏ.ਆਈ.ਸੀ.ਟੀ.ਈ. ਦੀਆਂ ਗਾਈਡ ਲਾਈਨਾਂ ਅਨੁਸਾਰ) | 50 |
| ਤਜਰਬਾ | 10 |
| ਉਚੇਰੀ ਯੋਗਤਾ | 05 |
| ਐਕਸਟਰਾ ਕਿਊਰੀਕਲ ਐਕਟੀਵਿਟੀਜ਼ | 05 |
| ਪ੍ਰੈਕਟੀਕਲ / ਰਿਟਨ ਟੈਸਟ | 10 (ਪੱਦਵੀ ਅਨੁਸਾਰ) |
| ਇੰਟਰਵਿਊ | 20 |
| ਕੁੱਲ ਨੰਬਰ | 100 |

(ਸ) **ਕਲਰਕ/ਸਟੈਨੋਟਾਈਪਿਸਟ/ਸਟੈਨੋਗ੍ਰਾਫਰ :**

| | |
|---|---|
| ਘੱਟੋ ਘੱਟ ਮੁੱਢਲੀ ਵਿਦਿਅਕ ਯੋਗਤਾ ( ਜਮਾ 2 ਪਾਸ ਹੋਵੇ।) | 25 |
| ਜ਼ੇਕਰ ਬੀ.ਏ./ਬੀ.ਐਸ.ਸੀ./ਬੀ.ਕਾਮ./ਡਿਗਰੀ ਪਾਸ ਹੋਵੇ ਤਾਂ ਹੋਰ ਵਾਧੂ ਨੰਬਰ | 05 |
| ਪੋਸਟ ਗ੍ਰੈਜੂਏਟ ਪਾਸ ਹੋਵੇ ਤਾਂ ਹੋਰ ਵਾਧੂ ਨੰਬਰ | 05 |
| ਤਜਰਬਾ ਵਾਸਤੇ | 05 |
| ਇੰਟਰਵਿਊ | 10 |
| ਬਾਕੀ ਟੈਸਟ<br>1) ਅੰਗਰੇਜ਼ੀ ਟਾਈਪਿੰਗ/ਸ਼ਾਰਟਹੈਂਡ)<br>2) ਪੰਜਾਬੀ ਟਾਈਪਿੰਗ/ਸ਼ਾਰਟਹੈਂਡ ) | 50 |
| **ਕੁੱਲ ਨੰਬਰ** | 100 |

(ਹ) <u>ਦਰਜਾ - 4 ਕਰਮਚਾਰੀ</u>

| | | |
|---|---|---|
| (1) | ਘੱਟੋ ਘੱਟ ਮੁੱਢਲੀ ਵਿਦਿਅਕ ਯੋਗਤਾ ( ਮਿਡਲ ਪਾਸ ) | 50 |
| (2) | ਜੇਕਰ ਦਸਵੀਂ ਪਾਸ ਹੋਵੇ ਤਾਂ ਹੋਰ ਵਾਧੂ ਨੰਬਰ | 10 |
| (3) | ਉਚੇਰੀ ਵਿਦਿਅੱਕ ਯੋਗਤਾ | 10 |
| (4) | ਹੋਰ ਹੁਨਰ ਜਿਵੇਂ ਕਿ ਟਾਈਪ ਦੀ ਜਾਣਕਾਰੀ, ਗੱਡੀ ਚਲਾਉਣਾ ਆਦਿ | 05 |
| (5) | ਇੰਟਰਵਿਊ | 25 |
| | ਕੁੱਲ ਨੰਬਰ | 100 |

(ਕ) <u>ਦਰਜਾ - 4 ਤਕਨੀਕੀ ਕਰਮਚਾਰੀ</u>

| | | |
|---|---|---|
| (1) | ਘੱਟੋ ਘੱਟ ਮੁੱਢਲੀ ਵਿਦਿਅਕ ਯੋਗਤਾ ( ਦਸਵੀਂ ਪਾਸ ) | 40 |
| (2) | ਜੇਕਰ ਜਮਾਂ 2 ਪਾਸ ਹੋਵੇ ਤਾਂ ਹੋਰ ਵਾਧੂ ਨੰਬਰ | 10 |
| (3) | ਜੇਕਰ ਐਨ.ਟੀ.ਸੀ./ਆਈ.ਟੀ.ਆਈ. ਯੋਗਤਾ ਪ੍ਰਾਪਤ ਹੋਵੇ ਤਾਂ ਹੋਰ ਵਾਧੂ ਨੰਬਰ । | 10 |
| (4) | ਜੇਕਰ ਸੀ.ਟੀ.ਸੀ./ਅਪਰੈਟਿਸ਼ਿਪ ਹੋਵੇ, ਤਾਂ ਹੋਰ ਵਾਧੂ ਨੰਬਰ | 10 |
| (5) | ਟੈਸਟ/ਪ੍ਰੈਕਟੀਕਲ | 10 |
| (6) | ਐਕਸਟਰਾ ਕਿਊਰੀਕਲ ਐਕਟੀਵਿਟੀਜ਼ | 05 |
| (7) | ਤਜਰਬਾ | 05 |
| (8) | ਇੰਟਰਵਿਊ | 10 |
| | ਕੁੱਲ ਨੰਬਰ | 100 |

(3) <u>ਮੁੱਢਲੀ ਯੋਗਤਾ ਵਾਸਤੇ ਨੰਬਰ ਦੇਣ ਦਾ ਢੰਗ</u>

ਹਰੇਕ ਆਸਾਮੀ ਲਈ ਮੁੱਢਲੀ ਯੋਗਤਾ ਜਿਵੇਂ ਕਿ ਬੀ.ਈ./ਐਮ.ਐਸ.ਸੀ ਆਦਿ ਵਾਸਤੇ ਵੱਧ ਤੋ ਵੱਧ ਨੰਬਰ 50 ਹੋਣਗੇ ਅਤੇ ਉਹ ਮੁੱਢਲੀ ਯੋਗਤਾ ਦੀ ਡਿਗਰੀ ਵਿਚ ਪ੍ਰਾਪਤ ਕੀਤੇ ਕੁਲ % ਨੰਬਰਾਂ ਦੇ ਹਿਸਾਬ ਨਾਲ ਪ੍ਰਤੀਸ਼ਤ ਰੂਪ ਵਿਚ ਲਗਾਏ ਜਾਣਗੇ । ਉਦਾਹਰਣ ਵਜੋਂ ਜੇ ਕਿਸੇ ਉਮੀਦਵਾਰ ਨੇ ਆਪਣੀ ਮੁੱਢਲੀ ਯੋਗਤਾ ਵਿਚ 63% ਨੰਬਰ ਪ੍ਰਾਪਤ ਕੀਤੇ ਹਨ ਤਾਂ ਉਸ ਦੀ ਮੁੱਢਲੀ ਯੋਗਤਾ ਦੇ ਨੰਬਰਾਂ ਵਿਚੋ 31.5 ਨੰਬਰ ਦਿਤੇ ਜਾਣਗੇ ਅਤੇ ਜੇ ਕਿਸੇ ਨੇ ਮੁੱਢਲੀ ਯੋਗਤਾ ਵਿਚ 82% ਨੰਬਰ ਲਏ ਹਨ ਤਾਂ ਉਸ ਨੂੰ ਇੰਟਰਵਿਊ ਵਿਚ 41 ਨੰਬਰ ਦਿਤੇ ਜਾਣਗੇ । ਇਹ ਢੰਗ (2) (ਏ) ਅਤੇ (ਸ) ਵਾਸਤੇ ਵੀ ਅਪਣਾਇਆ ਜਾਵੇਗਾ ।

(4) <u>ਉਚੇਰੀ ਯੋਗਤਾ ਵਾਸਤੇ ਨੰਬਰ</u>

ਉਚੇਰੀ ਯੋਗਤਾ ਵਾਸਤੇ ਨੰਬਰ ਮੁੱਢਲੀ ਯੋਗਤਾ ਤੋ ਵੱਖ ਹੋਣਗੇ ਅਤੇ ਉਹ ਵੀ ਉਪਰੋਕਤ ਪੈਰਾ (3) ਅਨੁਸਾਰ ਦਿੱਤੇ ਜਾਣਗੇ।

(5) **<u>ਤਜਰਬੇ ਲਈ ਨਿਰਧਾਰਤ ਕੀਤੇ 10 ਨੰਬਰਾਂ ਦੀ ਵੰਢ</u>**

ਤਜਰਬੇ ਲਈ ਨਿਰਧਾਰਤ ਕੀਤੇ 10 ਨੰਬਰਾਂ ਦੀ ਵੰਢ ਸਪਸ਼ਟ ਕੀਤਾ ਜਾਂਦਾ ਹੈ ਕਿ ਹਰ ਪੂਰੇ ਸਾਲ ਲਈ 2 ਨੰਬਰ ਹੋਣਗੇ ਅਤੇ ਜੇਕਰ ਤਜਰਬਾ 6 ਮਹੀਨੇ ਜਾਂ ਉਸਤੋ ਘੱਟ ਹੋਵੇਗਾ ਤਾਂ ਵਿਚਾਰਿਆ ਨਹੀਂ ਜਾਵੇਗਾ ( to be ignored ) ਪਰ ਜੇਕਰ ਤਜਰਬਾ 6 ਮਹੀਨੇ ਤੋ ਵੱਧ ਹੋਵੇ (ਭਾਵ ਇਕ ਹਫਤਾ ਹੀ ਵੱਧ ਹੋਵੇ) ਤਾਂ ਉਹ ਪੂਰਾ ਸਾਲ ਮਨਿੰਆ ਜਾਵੇਗਾ ।

(6) **ਐਕਸਟਰਾ ਕਿਊਰੀਕਲ ਐਕਟੀਵਿਟੀਜ਼ :**

ਐਕਸਟਰਾ ਕਿਊਰੀਕਲ ਐਕਟੀਵਿਟੀਜ਼ ਦੇ 5 ਨੰਬਰਾਂ ਦੀ ਵੰਢ ਹੇਠ ਅਨੁਸਾਰ ਹੋਵੇਗੀ :

**(ੳ)** ਜੇਕਰ ਕੌਮੀ ਜਾਂ ਅੰਤਰ ਰਾਸ਼ਟਰੀ ਪੱਧਰ ਉੱਤੇ ਕਿਸੇ ਵੀ ਖੇਡ / ਐਨ.ਸੀ.ਸੀ. / ਹੋਰ ਐਕਟੀਵਿਟੀਜ਼ ਵਿਚ ਭਾਗ ਲਿਆ ਹੋਵੇ ਤਾਂ ਪੂਰੇ 5 ਨੰਬਰ ।

**(ਅ)** ਜੇਕਰ ਜ਼ੋਨਲ ਪੱਧਰ ਉੱਤੇ ਭਾਗ ਲਿਆ ਹੋਵੇ ਜਾਂ ਇੰਟਰ ਸਟੇਟ ਜਾਂ ਇੰਟਰ ਯੂਨਿਵਰਸਿਟੀ ਪੱਧਰ ਉੱਤੇ ਭਾਗ ਲਿਆ ਹੋਵੇ ਤਾਂ 03 ਨੰਬਰ ਹੋਣਗੇ ।

**(ੲ)** ਜੇਕਰ ਅੰਤਰ ਜਿਲਾ (ਇੰਟਰ ਡਿਸਟ੍ਰਿਕਟ) ਪੱਧਰ ਤੇ ਭਾਗ ਲਿਆ ਹੈ ਤਾਂ ਇਸ ਦਾ 1 ਨੰਬਰ ਹੋਵੇਗਾ ।

**(ਸ)** ਸਹਾਇਕ ਪ੍ਰੋਫੈਸਰ / ਪ੍ਰੋਫੈਸਰ ਵਾਸਤੇ ਐਕਸਟਰਾ ਕਿਊਰੀਕਲ ਐਕਟੀਵਿਟੀਜ਼ ਦੇ ਪੰਜ ਨੰਬਰਾਂ ਦੀ ਵੰਢ ਵੱਖਰੇ ਅਤੇ ਹੇਠ ਲਿਖੇ ਢੰਗ ਨਾਲ ਹੋਵੇਗੀ :

ਜੇਕਰ ਕਿਸੇ ਅਧਿਕਾਰੀ ਦੀ ਨਿਗਰਾਨੀ ਹੇਠ ਕੋਈ ਟੀਮ ਕੌਮੀ ਪੱਧਰ ਤੱਕ ਹਿੱਸਾ ਲ਼ੈਦੀ ਹੈ ਤਾਂ ਉਸਨੂੰ 5 ਨੁੰਬਰ ਦਿਤੇ ਜਾਣਗੇ ਅਤੇ ਜੇਕਰ ਜ਼ੋਨਲ ਪੱਧਰ ਜਾਂ ਇੰਟਰਸਟੇਟ ਪੱਧਰ ਤੱਕ ਪੁੱਜਣ ਤੱਕ ਸਫਲ ਹੁੰਦੀ ਹੈ ਤਾਂ 03 ਨੰਬਰ ਦਿੱਤੇ ਜਾਣਗੇ । ਜੇਕਰ ਇੰਟਰ ਯੂਨਿਵਰਸਿਟੀ ਪੱਧਰ ਤੱਕ ਹਿੱਸਾ ਲੈਂਦੀ ਹੈ ਤਾਂ ਉਸਨੂੰ 01 ਨੰਬਰ ਦਿੰਤਾ ਜਾਵੇਗਾ ।

(7) **ਰਜ਼ਿਊਮ ਵਾਸਤੇ ਨੰਬਰ ਦੇਣ ਦਾ ਢੰਗ :**

ਇੰਟਰਵਿਊ ਦੇ ਨਾਲ ਨਾਲ 05 ਨੰਬਰ ਰਜ਼ਿਊਮ (Resume) ਲਿਖਣ ਵਾਸਤੇ ਰੱਖੇ ਗਏ ਹਨ । ਇਸ ਢੰਗ ਅਨੁਸਾਰ ਹਰੇਕ ਉਮੀਦਵਾਰ ਦਾ ਇੰਟਰਵਿਊ ਲੈਣ ਉਪਰੰਤ ਉਸਨੂੰ ਪੰਜ ਸੱਤ ਮਿੰਟ ਵਾਸਤੇ ਦੂਜੇ ਕਮਰੇ ਵਿਚ ਭੇਜ਼ ਕੇ ਇਹ ਕਿਹਾ ਜਾਵੇਗਾ ਕਿ ਉਹ ਇੰਟਰਵਿਊ ਵਿਚ ਹੋਈ ਗੱਲਬਾਤ ਦਾ ਸਾਰ ਲਿਖੇ । ਉਮੀਦਵਾਰ ਲਿਖਤੀ ਸਾਰ ਵਾਪਸ ਇੰਟਰਵਿਊ ਕਮੇਟੀ ਕੋਲ ਦੇਵੇਗਾ ਅਤੇ ਇੱਕ ਮੈਬਰ ਉਸ ਸਾਰ ਨੂੰ ਬਾਕੀ ਦੇ ਮੈਂਬਰਾਂ ਨੂੰ ਪੜ ਕੇ ਸੁਣਾਵੇਗਾ । ਫਿਰ ਕਮੇਟੀ ਦੇ ਸਾਰੇ ਮੈਂਬਰ 05 ਨੰਬਰਾਂ ਵਿਚੋਂ ਦਿੱਤੇ ਜਾਣ ਵਾਲੇ ਨੰਬਰਾਂ ਦਾ ਫੈਸਲਾ ਕਰਕੇ ਉਸ ਸਾਰ ਪੱਤਰ ਉੱਤੇ ਇਹ ਨੰਬਰ ਦਰਜ ਕਰ ਦੇਣਗੇ । ਇਸ ਢੰਗ ਨਾਲ ਉਮੀਦਵਾਰ ਦੀ ਮਾਨਸਿਕ ਸਥਿਤੀ, ਅਲਰਟਨੈਸ ਅਤੇ ਆਪਣੀ ਗੱਲ ਕਹਿਣ ਦੀ ਜ਼ਾਂਚ ਬਾਰੇ ਅੰਦਾਜ਼ਾ ਲਗਾਇਆ ਜਾ ਸਕੇਗਾ ਅਤੇ ਇੰਟਰਵਿਊ ਦਾ ਰਿਕਾਰਡ ਵੀ ਬਣ ਜਾਵੇਗਾ ।

(8) ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਸ ਕਰਾਇਟੇਰੀਆ ਵਿਚ ਕਿਸੇ ਵੀ ਕਿਸਮ ਦੀ ਕੋਈ ਛੂਟ ਨਹੀਂ ਦਿਤੀ ਜਾ ਸਕਦੀ । ਕੇਵਲ ਸਰਕਾਰ ਦੇ ਪੱਧਰ ਉਤੇ ਹੀ ਇਸ ਵਿਚ ਸੋਧ / ਤਬਦੀਲੀ ਕੀਤੀ ਜ਼ਾ ਸਕੇਗੀ । ਜਾਰੀ ਹੋਣ ਦੀ ਮਿਤੀ ਤੋ ਇਹ ਹਦਾਇਤਾਂ ਤੁਰੰਤ ਲਾਗੂ ਹੋ ਗਈਆਂ ਸਮਝਿਆਂ ਜਾਣ । ਇਸ ਸਬੰਧੀ ਪਹਿਲਾਂ ਜਾਰੀ ਹੋਇਆਂ ਸਾਰੀਆਂ ਹਦਾਇਤਾਂ ਰੱਦ ਕੀਤੀਆਂ ਜਾਂਦੀਆਂ ਹਨ ।

ਐਨ.ਐਸ. ਰਤਨ,
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ।

ਮਿਤੀ ਚੰਡੀਗੜ੍ਹ
7 ਜੁਲਾਈ, 1998

ਨੰ: 2/53/98-2ਤਸਿ-2/4381-90 ਮਿਤੀ ਚੰਡੀਗੜ੍ਹ 7 ਜੁਲਾਈ , 1998

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ/ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :

1) ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਚੰਡੀਗੜ੍ਹ
2) ਵਾਈਸ ਚਾਂਸਲਰ, ਪੰਜਾਬ ਤਕਨੀਕੀ ਯੁਨੀਵਰਸਿਟੀ, ਜਲੰਧਰ ।
3) ਚੇਅਰਮੈਨ, ਪੰਜਾਬ ਸਟੇਟ ਬੋਰਡ ਆਫ ਤਕਨੀਕੀ ਸਿਖਿਆ ਅਤੇ ਉਦਯੋਗਿ ਸਿਖਲਾਈ, ਪਲਾਟ ਨੰ: 3, ਸੈਕਟਰ 36 ਏ , ਚੰਡੀਗੜ੍ਹ ।
4) ਡਾਇਰੈਕਟਰ ਅਪੈਕਸ ਉਦਮਿਅਤ ਅਤੇ ਵਪਾਰ ਵਿਕਾਸ ਸੰਸਥਾ, ਪੰਜਾਬ, ਕੋਠੀ ਨੰ; 439, ਸੈਕਟਰ 35 ਏ, ਚੰਡੀਗੜ੍ਹ ।
5) ਪ੍ਰਿੰਸੀਪਲ, ਗਿਆਨੀ ਜੈਲ ਸਿੰਘ ਕਾਲਜ ਆਫ ਇੰਜ: ਅਤੇ ਟੈਕਨਾਲੋਜੀ, ਬਠਿੰਡਾ ।
6) ਪ੍ਰਿੰਸੀਪਲ, ਸ਼ਹੀਦ ਭਗਤ ਸਿੰਘ ਕਾਲਜ ਆਫ ਇੰਜ: ਅਤੇ ਟੈਕਨਾਲੋਜੀ, ਫਿਰੋਜ਼ਪੁਰ ।
7) ਪ੍ਰਿੰਸੀਪਲ ਡਾ: ਬੀ.ਆਰ.ਅੰਬੇਦਕਰ ਰੀਜ਼ਨਲ ਕਾਲਜ ਆਫ ਇੰਜ: ਅਤੇ ਟੈਕਨਾਲੋਜੀ, ਜਲੰਧਰ ।
8) ਪ੍ਰਿੰਸੀਪਲ, ਬੇਅੰਤ ਕਾਲਜ ਆਫ ਇੰਜ: ਅਤੇ ਟੈਕਨਾਲੋਜੀ, ਗੁਰਦਾਸਪੁਰ ।
9) ਸਾਰੇ ਪ੍ਰਿੰਸੀਪਲ, ਸਰਕਾਰੀ ਬਹੁਤਕਨੀਕੀਆਂ ਪੰਜਾਬ ।
10) ਸਾਰੇ ਪ੍ਰਿੰਸੀਪਲ, ਉਦਯੋਗਿਕ ਸਿਖਲਾਈ ਸੰਸਥਾਂਵਾਂ, ਪੰਜਾਬ ।

ਜੀ.ਡੀ. ਜ਼ੁਨੇਜਾ ,
ਸੁਪਰਡੈਂਟ

ਇਸ ਦਾ ਇਕ ਉਤਾਰਾ, ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਵਿੱਤ ਵਿਭਾਗ, ਸਕੱਤਰ ਪੰਜਾਬ ਸਰਕਾਰ, ਪ੍ਰੋਸੋਨਲ ਅਤੇ ਪ੍ਰਬੰਧਦੀ ਸੁਦਾਰ ਵਿਭਾਗ, ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਭਲਾਈ ਵਿਭਾਗ, ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਸੁਪਰਡੈਂਟ

ਸੇਵਾ ਵਿਖੇ,

1) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਵਿਤ ਵਿਭਾਗ,
2) ਸਕੱਤਰ, ਪੰਜਾਬ ਸਰਕਾਰ, ਪ੍ਰੋਸੋਨਲ ਅਤੇ ਪ੍ਰਬੰਧਦੀ ਸੁਦਾਰ ਵਿਭਾਗ ।
3) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਭਲਾਈ ਵਿਭਾਗ,।

ਅੰ:ਵਿ:ਪ:ਨੰ:2/53/98-2:ਤਸਿ-2/4391-93:ਮਿਤੀ ਚੰਡੀਗੜ੍ਹ 7 ਜੁਲਾਈ, 1998

ਨੰ:2/53/98-2:ਤਸਿ-2/4394-96:ਮਿਤੀ ਚੰਡੀਗੜ੍ਹ 7 ਜੁਲਾਈ, 1998

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਹਿਤ ਭੇਜਿਆ ਜਾਂਦਾ ਹੈ :

1. ਨਿਜੀ ਸਕੱਤਰ / ਤਕਨੀਕੀ ਸਿਖਿਆ ਮੰਤਰੀ , ਪੰਜਾਬ ।
2. ਨਿਜੀ ਸਕੱਤਰ / ਪ੍ਰਮੁੱਖ ਸਕੱਤਰ, ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ।
3. ਨਿਜੀ ਸਹਾਇਕ / ਵਿਸ਼ੇਸ ਸਕੱਤਰ , ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ।

ਸੁਪਰਡੈਂਟ